Punjabi

ਹੈਲੋ। ਮੇਰੇ ਵੈਬਸਾਈਟ ਤੇ ਤੁਹਾਡਾ ਦੋਸਤੀ ਭਰਿਆ ਸੁਆਗਤ!

ਮੇਰਾ ਨਾਂ ਬਿਲ ਨਿਊਟਨ ਡੱਨ ਹੈ। ਮੈਂ ਲਿਬਰਲ ਡੈਮੋਕਰਾਟ ਐਮ.ਈ.ਪੀ. (ਯੂਰੋਪੀਅਨ ਪਾਰਲੀਮੈਂਟ ਦਾ ਮੈਂਬਰ) ਹਾਂ ਅਤੇ ਈਸਟ ਮਿਡਲੈਂਡਜ਼ ਦੀ ਨੁਮਾਇੰਦਗੀ ਕਰਦਾ ਹਾਂ।

ਜੂਨ 2009 ਵਿੱਚ ਦੁਬਾਰਾ ਸਥ੍ਹਾਨਿਕ ਲੋਕਾਂ ਨੇ ਮੈਨੂੰ ਉਨ੍ਹਾਂ ਦੀ ਯੂਰੋਪੀਅਨ ਪਾਰਲੀਮੈਂਟ ਵਿੱਚ 5 ਸਾਲਾਂ ਦੀ ਨੁਮਾਇੰਦਗੀ ਕਰਨ ਲਈ  ਚੁਣਿਆਂ ਸੀ।

ਯੂਰੋਪੀਅਨ ਪਾਰਲੀਮੈਂਟ ਵਿੱਚ ਅਸੀਂ ਲੋਕਾਂ ਦੇ ਵਿਅਕਤੀਗਤ ਹੱਕਾਂ ਅਤੇ ਆਜ਼ਾਦੀਆਂ ਦੀ ਰਾਖੀ ਕਰਦੇ ਹਾਂ, ਅਤੇ ਅਸੀਂ ਬਾਰਡਰ-ਪਾਰ ਸਮੱਸਿਆਵਾਂ ਨਾਲ ਨਜਿੱਠਣ ਲਈ ਕਾਨੂੰਨ ਪਾਸ ਕਰਦੇ ਹਾਂ, ਜਿਸ ਤਰ੍ਹਾਂ ਕਿ ਮੌਸਮ ਵਿੱਚ ਤਬਦੀਲੀ, ਵਪਾਰ, ਆਜ਼ਾਦੀ, ਆਇਦ।

ਲਿਬਰਲ ਡੈਮੋਕਰਾਟ ਪਾਰਟੀ ਨਿੱਜੀ ਨਾਗਰਿਕਾਂ ਦੇ ਹੱਕਾਂ ਨੂੰ ਪਹਿਲ ਦਿੰਦੀ ਹੈ। ਲੇਬਰ ਨੇ ਸਰਕਾਰ ਨੂੰ ਪਹਿਲ ਦਿੱਤੀ ਸੀ ਅਤੇ ਹਮੇਸ਼ਾਂ ਹੀ ਜਿਆਦਾ ਟੈਕਸ ਲਾਉਂਦੇ ਹਨ। ਕਨਸਰਵਟਿਵਸ ਮੰਡੀ-ਅਸਥਾਨ ਰਾਹੀਂ ਅਮੀਰ ਬਣਨ ਦੀ ਹਿਮਾਇਤ ਕਰਦੇ ਹਨ।

ਲਿਬਰਲ ਡੈਮੋਕਰਾਟਸ ਤਿੰਨਾਂ ਵਿੱਚੋਂ ਸੱਭ ਤੋਂ ਵੱਧ ਹਰੀ ਪਾਰਟੀ ਹੈ। ਅਸੀਂ ਸ਼ਾਂਤਮਈ ਅੰਤਰਰਾਸ਼ਟਰੀ ਮਿਲਵਰਤਣ, ਅਤੇ ਦੂਜੇ ਦੇਸ਼ਾਂ ਨਾਲ ਮਿਲਕੇ ਕੰਮ ਕਰਨ ਉੱਪਰ ਜੋਰ ਦਿੰਦੇ ਹਾਂ; ਯੂਰੋਪੀਅਨ ਯੂਨੀਅਨ ਦੇ 27 ਮੈਂਬਰ ਦੇਸ਼ ਇੱਕ ਚੰਗੀ ਉਦਾਹਰਨ ਹਨ। ਅਸੀਂ ਬੁਸ਼ ਅਤੇ ਬਲੇਅਰ ਵੱਲੋਂ ਕੀਤਾ ਇਰਾਕ ਉੱਪਰ ਹਮਲੇ ਦਾ ਵਿਰੋਧ ਕੀਤਾ ਸੀ, ਕਿਉਂ ਕਿ ਇਨ੍ਹਾਂ ਨੇ ਨਾ-ਮਜੂਦ ਵੱਡੀ ਪੱਧਰ ਦੀ ਤਬਾਹੀ ਕਰਨ ਵਾਲੇ ਹੱਥਿਆਰਾਂ ਦੀ ਯੂਨਾਇਟੱਡ ਨੇਸ਼ਨਜ਼ ਵੱਲੋਂ ਕੀਤੀ ਜਾ ਰਹੀ ਤਲਾਸ਼ ਸਮਾਪਿਤ ਹੋਣ ਦੀ ਉਡੀਕ ਨਹੀਂ ਸੀ ਕੀਤੀ।

ਲਿਬਰਲ ਡੈਮੋਕਰਾਟਸ ਵਿੱਚ ਸ਼ਾਮਲ ਹੋਣ ਦਾ, ਅਤੇ ਚੋਣਾਂ ਜਿੱਤਣ ਵਿੱਚ ਸਾਡੀ ਮਦਦ ਕਰਨ ਦਾ ਅਸੀਂ ਤੁਹਾਡਾ ਬਹੁਤ ਸੁਆਗਤ ਕਰਾਂਗੇ।

ਤੁਸੀਂ ਕੋਈ ਵੀ ਸਵਾਲ ਪੁੱਛਣ ਲਈ ਮੇਰੇ ਨਾਲ ਸੰਪਰਕ ਕਰ ਸਕਦੇ ਹੋ, ਜਾਂ ਮੈਨੂੰ ਆਪਣੀ ਰਾਏ ਭੇਜ ਦਿਓ।
ਮੈਨੂੰ ਇਥ੍ਹੇ ਈਮੇਲ ਕਰੋ: bill.newtondunn@europarl.europa.eu